वही

# ਪਾਤਰ

ਕਵੀ

ਲਿਖਾਰੀ

ਗਾਹਕ
ਰਾਮਾ
ਕਰਤਾਰਾ

} ਸਭ ਕਵੀ ਨੂੰ ਮਿਲਣ ਆਉਂਦੇ ਹਨ

# ਸਮਾਂ

੧੯੪੮

# ਕਵੀ

ਜਦ ਪਰਦਾ ਉਠਦਾ ਹੈ ਤਾਂ ਕਵੀ ਇਕ ਕੁਰਸੀ ਉਤੇ ਬੈਠਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੈ।

ਜਿੱਥੇ ਕਵੀ ਬੈਠਾ ਹੈ ਉਥੇ ਰੌਸ਼ਨੀ ਦਾ ਇਕ ਵੱਡਾ ਗੋਲ ਦੈਰਾ ਡਿਗਦਾ ਹੈ। ਬਾਕੀ ਦੀ ਸਾਰੀ ਸਟੇਜ ਉਤੇ ਹਨੇਰਾ ਹੈ। ਵਾਯੂ ਮੰਡਲ ਉਤੇ ਨੀਂਦਰ ਤੇ ਸੁਪਨਿਆਂ ਦਾ ਟੂਣਾ ਹੋਇਆ ਜਾਪਦਾ ਹੈ।

ਕਵੀ—ਤ੍ਰਕਾਲ ਢੱਲ ਚੁਕੀ ਹੈ, ਛਾਂ ਨੇ ਧਰਤੀ ਨੂੰ ਕੱਜ ਲਿਆ ਹੈ, ਮੇਰੀ ਜਵਾਨੀ ਦੀ ਸ਼ਾਮ ਵੀ ਢਲ ਚੁਕੀ ਹੈ। ਥਾਂ ਥਾਂ ਧੌਲੇ ਉਗ ਆਏ ਨੇ, ਚੰਦ ਦੀਆਂ ਰਿਸ਼ਮਾਂ ਵਾਂਗ। ਸੰਝ ਸਵੇਰੇ, ਸੰਝ ਸਵੇਰੇ, ਮੈਂ ਆਪਣੇ ਖ਼ਿਆਲਾਂ ਵਿਚ ਡੁੱਬਾ ਰਹਿੰਦਾ ਹਾਂ। ਕਵਿਤਾ ਲਿਖਦਾ ਹਾਂ, ਪਰ ਮੇਰੀ ਕਵਿਤਾ ਦਾ ਕੀ ਮੁੱਲ ?—ਵੱਧ ਤੋਂ ਵੱਧ ਦਸ ਰੁਪਏ ਤੇ ਲੋਕਾਂ ਦੀ ਵਾਹ-ਵਾਹ। ਲੋਕਾਂ ਦੀ ਵਾਹ-ਵਾਹ ਤਾਂ ਨਿਰਾ ਰੌਲਾ ਹੈ, ਨਿਰੀ ਝੱਗ, ਜੋ ਅਸਥਿਰ ਹੈ, ਜੋ ਉਸੇ ਵੇਲੇ ਮਰ ਜਾਂਦੀ ਹੈ। ਤੇ ਸ਼ੁਹਰਤ

ਕੀ ਹੈ ? ਵਕਤ ਦੇ ਖੁਰਾਂ ਤੋਂ ਉਡਦੀ ਹੋਈ ਧੂੜ। ਹੁਣ ਤੀਕ ਮੈਂ ਇਹ ਧੂੜ ਈ ਇਕੱਠੀ ਕਰਦਾ ਰਿਹਾ ਹਾਂ, ਰੁਪਏ ਨਹੀਂ। ਇਸੇ ਲਈ ਮੇਰੀ ਜ਼ਿੰਦਗੀ ਨਾਕਾਮ, ਸੱਖਣੀ ਤੇ ਬੇਸਵਾਦ ਏ ਤੇ ਮੇਰੀ ਬੀਵੀ ਕੰਨ ਦੀ ਇਕ ਮੁਰਕੀ ਲਈ ਤਰਸਦੀ ਏ ਤੇ ਮੇਰੇ ਬੱਚੇ ਮਿੱਟੀ ਤੇ ਚੀਨੀ ਦੇ ਖਡੌਣਿਆਂ ਲਈ। ਮੇਰੀ ਕਵਿਤਾ ਆਸਮਾਨ ਦੇ ਤਾਰੇ ਤੋੜ ਸਕਦੀ ਹੈ ਤੇ ਮਜ਼ਦੂਰ ਦੀ ਝੁੱਗੀ ਦੀ ਬਿਪਤਾ ਦੇ ਰਾਗ ਅਲਾਪ ਸਕਦੀ ਏ, ਰੁਪਏ ਦੇ ਨਹੀਂ। ਮੇਰੇ ਗੀਤਾਂ ਵਿਚ ਹੁਸਨ ਤੇ ਇਸ਼ਕ ਦੇ ਵੇਗ ਹਨ, ਹੋਰਨਾਂ ਲੋਕਾਂ ਦੀ ਮੁਸੀਬਤ ਦਾ ਦਰਦ ਹੈ, ਪਰ ਮੇਰੀ ਆਪਣੀ ਬਿਪਤਾ ਦਾ ਕੋਈ ਇਲਾਜ ਨਹੀਂ। ਮੇਰੇ ਨਾਲੋਂ ਤਾਂ ਮੇਰਾ ਪਬਲਿਸ਼ਰ ਜੋ ਮੇਰੀ ਕਿਤਾਬ ਛਾਪਦਾ ਹੈ, ਜ਼ਿਆਦਾ ਰੁਪੈ ਕਮਾਉਂਦਾ ਹੈ। ਮੈਂ ਸਾਲ ਵਿਚ ਵਧ ਤੋਂ ਵਧ ਇਕ ਕਿਤਾਬ ਲਿਖਦਾ ਹਾਂ, ਉਹ ਸਾਲ ਵਿਚ ਘਟੋ ਘੱਟ ਪੰਜਾਹ ਕਿਤਾਬਾਂ ਛਾਪਦਾ ਹੈ। ਮੇਰੇ ਪਾਸੋਂ ਪੰਜਾਹ ਗੁਣਾ ਜ਼ਿਆਦਾ ਕਮਾਉਂਦਾ ਹੈ। ਬੱਸ ਕਿਤਾਬ ਨੂੰ ਫਰਮੇ ਉਤੇ ਚੜ੍ਹਾ ਦਿੱਤਾ, ਤੇ ਮਸ਼ੀਨ ਨੂੰ ਘੁਮਾਇਆ, ਪੰਜਾਹ ਗੁਣਾ ਰੁਪਏ ! ਇਕ ਕਵੀ ਤੋਂ ਤਾਂ ਇਕ ਪਬਲਿਸ਼ਰ ਹੀ ਬਣ ਜਾਵਾਂ, ਫਿਰ ਇਹ ਸਾਰੇ ਕਵੀ ਤੇ ਲਿਖਾਰੀ ਮੇਰੇ ਅੱਗੇ ਗਿੜਗੜਾਉਣਗੇ; ਮੈਂ ਕਿਸੇ ਅੱਗੇ ਨਹੀਂ। ਉਹ ਮੇਰੇ ਮੁਹਤਾਜ ਹੋਣਗੇ, ਮੈਂ ਕਿਸੇ ਦਾ ਨਹੀਂ........

[ਸਜੇ ਪਾਸਿਉਂ ਇਕ ਲਿਖਾਰੀ ਆਉਂਦਾ ਹੈ। ਉਸ ਦੀ ਕੱਛ ਵਿਚ ਲਿਖਤਾਂ ਦਾ ਥੱਬਾ ਹੈ।

ਕਵੀ–ਤੂੰ ਕੌਣ ਏਂ ?

ਲਿਖਾਰੀ–ਮੈਂ ਇਕ ਲਿਖਾਰੀ ਹਾਂ। ਇਹ ਮੇਰੀਆਂ ਤਾਜ਼ਾ ਕਹਾਣੀਆਂ ਦਾ

ਸੰਗ੍ਰਹਿ ਹੈ। ਮੈਂ ਸੁਣਿਆਂ ਏਂ ਤੁਸੀਂ ਚੰਗੀਆਂ ਕਿਤਾਬਾਂ ਛਾਪਦੇ ਹੋ।

ਕਵੀ–ਹਾਂ, ਮੈਂ ਚੰਗੀਆਂ ਕਿਤਾਬਾਂ ਛਾਪਦਾ ਹਾਂ, ਅਗਾਂਹ-ਵਧੂ ਸਾਹਿਤ। ਚੰਗੀਆਂ ਕਿਤਾਬਾਂ ਦੀ ਸਾਡੇ ਸਾਹਿਤ ਨੂੰ ਬੜੀ ਲੋੜ ਏ।

ਲਿਖਾਰੀ–ਮੇਰੀਆਂ ਕਿਤਾਬਾਂ ਵਰਤਮਾਨ ਸਮੇਂ ਦੀਆਂ ਸਭੇ ਘਟਨਾਵਾਂ ਦਸਦੀਆਂ ਹਨ, ਤੁਸੀਂ ਇਸ ਨੂੰ ਛਾਪ ਦਿਉ ਤਾਂ ਬੜੀ ਮਿਹਰਬਾਨੀ ਹੋਵੇਗੀ।

ਕਵੀ–ਅਸੀਂ ਇਸ ਦੀ ਛਪਾਈ ਦਾ ਖ਼ਾਸ ਖ਼ਿਆਲ ਰੱਖਾਂਗੇ। ਇਸ ਲਈ ਟਾਈਪ ਤੇ ਸਿਆਹੀ ਵਧੀਆ ਵਰਤਾਂਗੇ। ਜਿਲਦ ਉਤੇ ਰੈਪਰ ਵੀ ਆਰਟ ਪੇਪਰ ਦਾ ਹੋਵੇਗਾ।

ਲਿਖਾਰੀ–ਰੈਪਰ ਉਤੇ ਚਿੱਤ੍ਰ ਕਿਸ ਦਾ ਬਣਾਉਗੇ?

ਕਵੀ–ਕਿਸੇ ਚੰਗੇ ਆਰਟਿਸਟ ਦਾ। ਤੁਹਾਡੀ ਕਿਤਾਬ ਦਾ ਨਾਂ ਕੀ ਏ?

ਲਿਖਾਰੀ–ਇਹ ਵਰਤਮਾਨ ਸਮੇਂ ਉਤੇ ਪੂਰੀ ਆਲੋਚਨਾ ਹੈ। ਇਸ ਦਾ ਨਾਂ ਹੈ 'ਮਹਾਂ ਕਾਲ'।

ਕਵੀ–'ਮਹਾਂ ਕਾਲ' ਕਿੰਨਾ ਸੋਹਣਾ ਨਾਂ ਏ, 'ਮਹਾਂ ਕਾਲ'! ਰੈਪਰ ਉਤੇ ਛਾਪਣ ਲੱਗੇ ਮੈਂ ਇਨ੍ਹਾਂ ਸ਼ਬਦਾਂ ਨੂੰ ਵਿੰਗਾ ਛਪਾਵਾਂਗਾ, 'ਮਹਾਂ ਕਾਲ'। ਜਦ ਇਹ ਕਿਤਾਬ ਮੇਰੇ ਛਾਪੇ ਖ਼ਾਨੇ ਵਿਚੋਂ ਛਪ ਕੇ ਮਾਰਕੀਟ ਵਿਚ ਜਾਵੇਗੀ, ਤਾਂ ਸਾਰੇ ਪੰਜਾਬ ਉਤੇ ਛਾ ਜਾਏਗੀ। ਹਰ ਦੁਕਾਨ ਉਤੇ, ਹਰ ਰੇਲਵੇ ਸਟਾਲ ਉਤੇ, ਹਰ ਲਾਇਬ੍ਰੇਰੀ ਵਿਚ, ਹਰ ਸਕੂਲ ਤੇ ਕਾਲਜ ਵਿਚ, ਹਰ ਘਰ ਵਿਚ, 'ਮਹਾਂ ਕਾਲ' ਹੋਵੇਗਾ, ਹਰ ਅਖ਼ਬਾਰ ਵਿਚ ਇਸ ਦਾ ਇਸ਼ਤਿਹਾਰ ਦੇਵਾਂਗਾ, 'ਮਹਾਂ ਕਾਲ' ਆ ਰਿਹਾ ਹੈ, ਸਾਡੇ ਸਮੇਂ ਦੇ ਉਘੇ ਲਿਖਾਰੀ ਦੀ ਰਚਨਾ, ਮਹਾਂ ਕਾਲ'।

[ਲਿਖਾਰੀ ਚਲਾ ਜਾਂਦਾ ਹੈ।

[ਇਕ ਗਾਹਕ ਆਉਂਦਾ ਹੈ।

ਗਾਹਕ–ਮੈਨੂੰ ਕੋਈ ਚੰਗੀ ਜੇਹੀ ਕਿਤਾਬ ਚਾਹੀਦੀ ਹੈ। ਮੈਂ ਸੁਣਿਆ ਹੈ ਤੁਸੀਂ ਚੰਗੀਆਂ ਕਿਤਾਬਾਂ ਛਾਪਦੇ ਹੋ।

ਕਵੀ–ਹਾਂ, ਹੁਣੇ ਮੈਂ ਇਕ ਵਧੀਆ ਕਿਤਾਬ ਛਾਪੀ ਹੈ।

ਗਾਹਕ–ਕਿਤਾਬ ਦਾ ਕੀ ਨਾਂ ਹੈ?

ਕਵੀ–ਮਹਾਂ ਕਾਲ।

ਗਾਹਕ–ਮਹਾਂ ਕਾਲ?

ਕਵੀ–ਹਾਂ ਮਹਾਂ ਕਾਲ, ਜਿਸ ਦੇ ਅਰਥ ਹਨ ਕਿ ਅਸੀਂ ਬੜੇ ਸਮਸਿਆ-ਭਰੇ ਜ਼ਮਾਨੇ ਵਿਚ ਜੀ ਰਹੇ ਹਾਂ, ਆਰਥਕ ਸੰਕਟ ਦਾ–

ਗਾਹਕ–ਮੈਨੂੰ ਨਹੀਂ ਚਾਹੀਦੀ ਇਹ ਕਿਤਾਬ।

ਕਵੀ–ਫਿਰ ਤੁਸੀਂ ਕਿਹੜੀ ਕਿਤਾਬ ਚਾਹੁੰਦੇ ਹੋ

ਗਾਹਕ–ਕੋਈ ਚੰਗਾ ਕਿੱਸਾ। ਤੁਹਾਡੇ ਪਾਸ 'ਸੁੱਚਾ ਸੰਮੂਾਂ ਵਾਲਾ' ਕਿੱਸਾ ਹੈ?

ਕਵੀ–ਨਹੀਂ।

ਗਾਹਕ–'ਜਗੁ-ਪੱਟ-ਬਚਨੀ' ਦਾ ਕਿੱਸਾ ਹੈ?

ਕਵੀ–ਇਹ ਕਿਤਾਬ ਕਿਸ ਨੇ ਲਿਖੀ ਹੈ?

ਗਾਹਕ–ਮੋਗੇ ਦੇ ਪ੍ਰਸਿਧ ਕਵੀ ਹਰਬੇਲ ਸਿੰਘ ਫੱਕਰ ਨੇ।

ਕਵੀ–ਕਦੇ ਨਾਂ ਨਹੀਂ ਸੁਣਿਆ ਇਸ ਕਵੀ ਦਾ। ਮੋਗੇ ਦਾ ਇਹ ਕਿਹੜਾ ਕਵੀ ਹੋਇਆ?

ਗਾਹਕ–ਤੁਸੀਂ ਕਦੀ ਮੋਗੇ ਨਹੀਂ ਗਏ?

ਕਵੀ–ਨਹੀਂ।

ਗਾਹਕ–ਤਾਂ ਇਕ ਵਾਰ ਮੋਗੇ ਹੋ ਆਉ।

ਕਵੀ–ਉਥੇ ਤਾਂ ਅੱਖਾਂ ਦਾ ਇਲਾਜ ਹੁੰਦਾ ਏ।

ਗਾਹਕ–ਹਾਂ, ਤੁਹਾਨੂੰ ਵੀ ਤਾਂ ਅੱਖਾਂ ਦੇ ਇਲਾਜ ਦੀ ਲੋੜ ਏ। ਚੰਗੇ ਤੇ ਭੈੜੇ ਕਿੱਸਿਆਂ ਨੂੰ ਪਛਾਨਣ ਲਈ ਕੀ ਅੱਖਾਂ ਦੀ ਲੋੜ ਨਹੀਂ? ਕੌਣ ਪੈਸੇ

ਗੁਆਇਏਗਾ ਤੁਹਾਡੀ ਇਸ ਕਿਤਾਬ ਪਿਛੇ ? ਕਿਤਾਬ ਪੜ੍ਹੀਦੀ ਏ ਦਿਲ ਪਰਚਾਉਣ ਲਈ, ਨਾ ਕਿ ਅੱਖਾਂ ਨੂੰ ਖ਼ਰਾਬ ਕਰਨ ਲਈ।

ਕਵੀ–ਮੈਂ ਚੰਗਾ ਸਾਹਿਤ ਵੇਚਦਾ ਹਾਂ, ਚੋਰਾਂ ਡਾਕੂਆਂ ਦੀਆਂ ਕਹਾਣੀਆਂ ਤੇ ਕਿੱਸ ਨਹੀਂ।

ਗਾਹਕ–ਅੱਛਾ ਫਿਰ ਤੁਹਾਡੇ ਕੋਲ ਗਿਆਨੀ ਤੇ ਬੁਧੀਮਾਨੀ ਦੇ ਕੋਰਸਾਂ ਦੀਆਂ ਕੁੰਜੀਆਂ ਹਨ ?

ਕਵੀ–ਸਡੇ ਕੋਲ ਕੋਰਸ ਹਨ, ਕੁੰਜੀਆਂ ਨਹੀਂ।

ਗਾਹਕ–ਮੰਗੋ ਲੂਣ ਤੇ ਜਵਾਬ ਦੇਂਦੇ ਓ ਹਲਦੀ। ਤੁਸੀਂ ਕਿਹੋ ਜਿਹੇ ਦੁਕਾਨਦਾਰ ਹੋ ?

[ਗਾਹਕ ਖ਼ਫ਼ਾ ਹੋ ਕੇ ਚਲਾ ਜਾਂਦਾ ਹੈ।

ਕਵੀ–ਸਾਡੀ ਪਬਲਿਕ ਬੜੀ ਅਜੀਬ ਏ। ਅਸਲ ਵਿਚ ਮੁਲਕ ਸਦੀਆਂ ਤੋਂ ਗ਼ੁਲਾਮ ਰਿਹਾ ਏ, ਇਸ ਲਈ ਇਸ ਨੂੰ ਚੰਗਾ ਸਾਹਿਤ ਪੜ੍ਹਨ ਦਾ ਸ਼ੌਂਕ ਨਹੀਂ। ਚੰਗਾ ਸਾਹਿਤ ਵਿਕਣ ਵਿਚ ਹਾਲੇ ਚਿਰ ਲੱਗੇਗਾ। ਲੋਕਾਂ ਦਾ ਵੀ ਕੀ ਕਸੂਰ ? ਵੇਲਾ ਸਭ ਕੁਝ ਸਿਖਾ ਦੇਵੇਗਾ। ਮੁਲਕ ਵਿਚ ਥਾਂ ਥਾਂ ਫ਼ਸਾਦਾਂ ਦੀ ਅੱਗ ਭੜਕ ਉਠੀ ਏ, ਮੈਨੂੰ ਅੱਛਾ ਸਾਹਿਤ ਛਾਪਣਾ ਚਾਹੀਦਾ ਏ ਜੋ ਇਸ ਅੱਗ ਨੂੰ ਠੰਢਾ ਕਰ ਸਕੇ। ਲੋਕਾਂ ਨੂੰ ਪੜ੍ਹਨ ਦੀ ਭੁਖ ਜ਼ਰੂਰ ਏ ਪਰ ਉਹ ਜਜ਼ਬਾਤੀ ਤੇ ਵਕਤੀ ਸਾਹਿਤ ਚਾਹੁੰਦੇ ਹਨ। ਨਹੀਂ, ਸਾਨੂੰ ਇਸ ਵਕਤ ਸਾਹਿਤ ਦੀ ਭੁਖ ਨਹੀਂ, ਰੋਟੀ ਦੀ ਭੁਖ ਏ, ਰੋਟੀ ਦੀ ਭੁਖ।

[ਰੋਸ਼ਨੀ ਇਕ ਵਾਰ ਮਧਮ ਹੋ ਕੇ ਫਿਰ ਤੇਜ਼ ਹੋ ਜਾਂਦੀ ਹੈ, ਕਵੀ ਉਸੇ ਤਰ੍ਹਾਂ ਬੈਠਾ ਰਹਿੰਦਾ ਹੈ ਤੇ ਆਪਣੇ ਆਪ ਨੂੰ ਆਖ ਰਿਹਾ ਹੈ।

ਕਵੀ–ਸਾਲ ਭਰ ਹੋ ਗਿਆ ਹੈ। ਇਹ ਕਿਤਾਬ ਮਸਾਂ ਪੰਜ ਸੌ ਛਾਪੀ ਸੀ, ਹੁਣ ਤੱਕ ਸੌ ਵੀ ਨਹੀਂ ਵਿਕੀ। ਲੋਕਾਂ ਨੂੰ ਪੜ੍ਹਨ ਦਾ ਸ਼ੌਕ ਈ ਨਹੀਂ। ਮੈਨੂੰ ਕਾਗ਼ਜ਼ ਛਪਾਈ ਤੇ ਜਿਲਦ ਬੰਧਾਈ ਦੇ ਬਿਲ ਦੁਕਾਣੇ ਪਏ। ਸਾਰਾ ਸਾਲ ਇਸ ਦੇ ਵੇਚਣ ਲਈ ਤਰਲੇ ਕਰਦਾ ਰਿਹਾ, ਪਰ ਹਾਲੇ ਅੱਧੀ ਕਿਤਾਬ ਵੀ ਨਹੀਂ ਵਿਕੀ। ਅੰਮ੍ਰਿਤਸਰ ਵਿਚ ਹਰ ਚੀਜ਼ ਵਿਕ ਸੱਕਦੀ ਏ ਪਰ ਕਿਤਾਬ ਨਹੀਂ ਵਿਕ ਸਕਦੀ। ਕਿਤਾਬਾਂ ਨਾਲੋਂ ਤਾਂ ਭਠੂਰੇ ਤੇ ਛੋਲੇ ਬਹੁਤੇ ਵਿਕਦੇ ਹਨ। ਜੇ ਕਿਤੇ ਮੈਨੂੰ ਭਠੂਰੇ ਤਲਣ ਦਾ ਵਲ ਆਉਂਦਾ ਹੁੰਦਾ! ਇਹ ਕੌਣ ਆਉਂਦਾ ਹੈ? (ਸਿਰ ਚੁਕ ਕੇ ਵੇਖਦਾ ਹੈ) ਇਹ ਤਾਂ ਕਰਤਾਰ ਲਾਗਿਆ ਆਉਂਦਾ ਏ।

[ਕਰਤਾਰ ਆਉਂਦਾ ਹੈ।

ਸੁਣਾ ਬਈ ਕਰਤਾਰਿਆ ਕੀ ਕਰਦਾ ਏਂ ਅੱਜ ਕਲ੍ਹ?

ਕਰਤਾਰ–ਮੌਜ ਮੇਲਾ।

ਕਵੀ–ਫਿਰ ਵੀ ਕੁਝ ਦੱਸ ਤਾਂ ਸਹੀ।

ਕਰਤਾਰ–ਫਸਾਦਾਂ ਪਿਛੋਂ ਜਦੋਂ ਦੇ ਮੁਸਲਮਾਨ ਇਸ ਪਾਸਿਓਂ ਗਏ ਹਨ, ਨਿੱਕੇ ਮੋਟੇ ਸਾਰੇ ਕੰਮ ਖ਼ਾਲੀ ਹੋ ਗਏ ਹਨ। ਗੁੱਜਰ ਤਾਂ ਇਕ ਵੀ ਨਹੀਂ ਨਾ ਰਿਹਾ। ਲੋਕ ਭਾਵੇਂ ਹੋਰ ਕੋਈ ਚੀਜ਼ ਨਾ ਲੈਣ ਪਰ ਖਾਣ ਪੀਣ ਵਾਲੀ ਚੀਜ਼ ਬਾਝੋਂ ਇਕ ਦਿਨ ਵੀ ਨਹੀਂ ਰਹਿ ਸੱਕਦੇ। ਫਿਰ ਚੰਗੇ ਦੁਧ ਨੂੰ ਹਰ ਕੋਈ ਤਰਸਦਾ ਏ।

ਕਵੀ–ਮੁਨਿਆਰੀ ਦੀ ਹੱਟੀ ਛੱਡ ਕੇ ਤੂੰ ਕੀ ਦੁਧ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ?

ਕਰਤਾਰ–ਹਾਂ। ਤੇ ਵੇਚਣਾ ਵੀ ਕਿਸ, ਆਪਣੇ ਆਪ ਵਿਕ ਜਾਂਦਾ ਏ। ਘਰ ਚਾਰ ਮੱਝਾਂ ਰੱਖ ਲਈਆਂ। ਮੇਰੀ ਤਾਂ ਬੱਸ ਵਧ ਤੋਂ ਵਧ ਰੱਖਾਂ ਦੀ

ਲਾਗਤ ਹੈ। ਕੱਖ ਪਾਉ ਤੇ ਸ਼ਾਮ ਤੋਂ ਪਹਿਲਾਂ ਪਹਿਲਾਂ ਦੁਧ ਚੋ ਲਉ। ਮੱਝ ਵੀ ਅਜੀਬ ਮਸ਼ੀਨ ਏ। ਅੰਗਰੇਜ਼ ਯਾ ਜਰਮਨ ਦੀ ਵਧੀਆ ਤੋਂ ਵਧੀਆ ਮਸ਼ੀਨ ਨੂੰ ਮਾਤ ਕਰਦੀ ਏ। ਘਾਹ ਦਾ ਰੁਗ ਪਾਉ ਤੇ ਮਲਾਈ ਨਾਲ ਭਰੇ ਹੋਏ ਦੁਧ ਦਾ ਵਲਟੋਇਆ ਭਰ ਲਉ।

ਕਵੀ–ਸੱਚ ਮੁਚ, ਕਿਤਨਾ ਚੰਗਾ ਸੌਦਾ ਏ। ਘਾਹ ਦੀ ਮੁਠ ਪਾਉ ਤੇ ਦੁਧ ਚੋ ਕੇ ਵਲਟੋਇਆ ਭਰ ਲਓ।

ਕਰਤਾਰ–ਮੁਨਿਆਰੀ ਦੀ ਹੱਟੀ ਉਤੇ ਸਵੇਰ ਤੋਂ ਬੈਠਣਾ ਤੇ ਰਾਤ ਹੋ ਜਾਂਦੀ ਐ। ਏਥੇ ਬੱਸ ਅੱਧੇ ਘੰਟੇ ਵਿਚ ਸਾਰਾ ਦੁਧ ਖ਼ਤਮ! ਲੋਕ ਹਥੋ ਹਥੀ ਲੈ ਜਾਂਦੇ ਨੇ। ਕੋਈ ਖੇਚਲ ਨਹੀਂ, ਕੋਈ ਉਧਾਰ ਨਹੀਂ, ਬਸ ਨਕਦੋ ਨਕਦ ਸੌਦਾ।

[ਕਰਤਾਰ ਚਲਾ ਜਾਂਦਾ ਹੈ।

ਕਵੀ–ਕਿਤਨਾ ਸੌਖਾ ਕੰਮ ਏ। ਮੈਂ ਐਵੇਂ ਹੀ ਕਿਤਾਬਾਂ ਛਾਪਣ ਦੇ ਝੰਜਟ ਵਿਚ ਪੈ ਗਿਆ। ਰੁਗ ਘਾਹ ਦਾ ਪਾਓ ਤੇ ਦੁਧ ਦਾ ਵਲਟੋਇਆ ਭਰ ਲਓ। ਕਿਸੇ ਚੀਜ਼ ਦੀ ਲੋੜ ਨਹੀਂ। ਮੱਝ ਸਾਰਾ ਕੰਮ ਆਪ ਹੀ ਕਰ ਲੈਂਦੀ ਹੈ। ਸੰਝ ਸਵੇਰੇ ਦੁਧ ਵੇਚਾਂਗਾ ਤੇ ਮੌਜ ਕਰਾਂਗਾ। ਆਪੂੰ ਮੁਫ਼ਤ ਪੀਆ ਕਰਾਂਗਾ। ਮੈਂ ਕਮਜ਼ੋਰ ਹੋ ਚਲਿਆ ਸਾਂ। ਏਥੇ ਆ ਕੇ ਘਰ ਦਾ ਦੁਧ ਵੀ ਤੇ ਨਸੀਬ ਨਹਾਂ ਹੋਇਆ। ਵਾਹ ਵਾਹ ਕਿਤਨਾ ਚੰਗਾ ਸੌਦਾ ਹੈ।

[ਰੋਸ਼ਨੀ ਬੁਝ ਜਾਂਦੀ ਹੈ ਜਦ ਦੋਬਾਰਾ ਚਾਨਣ ਹੁੰਦਾ ਹੈ, ਕਵੀ ਪਾਸ ਦੁਧ ਦਾ ਵਲਟੋਇਆ ਭਰਿਆ ਪਿਆ ਹੈ। ਉਸ ਦੇ ਹਥ ਵਿਚ ਦੁਧ ਦੀ ਗੜਵੀ ਹੈ। ਪਟ-ਭੂਮੀ ਵਿਚ ਮਝਾਂ ਡਕਰਨ ਦੀ ਆਵਾਜ਼ ਆਉਂਦੀ ਹੈ।

ਕਵੀ–ਕਿਨਾ ਨਰੋਆ ਦੁਧ ਏ ਮੇਰੀਆਂ ਮੱਝਾਂ ਦਾ। ਮੱਝਾਂ ਚਾਰਨ ਵਿਚ ਕਿੰਨਾ

ਰੋਮਾਂਚ ਏ । ਰਾਂਝਾ ਮਝੀਆਂ ਚਾਰਦਾ ਸੀ ਪਰ ਦੁਧ ਨਹੀਂ ਸੀ ਵੇਚਦਾ । ਦੁਧ ਵੇਚਣ ਵਿਚ ਮੱਝੀਂ ਚਰਾਉਣ ਨਾਲੋਂ ਵੀ ਵਧੇਰੇ ਰੋਮਾਂਚ ਹੈ । ਬਸ ਰੁਗ ਘਾਹ ਦਾ ਪਾਓ ਤੇ ਦੁਧ ਦੇ ਵਲਟੋਹੇ ਭਰ ਲਓ । ਮੇਰੀਆਂ ਪੰਜੇ ਮੱਝਾਂ ਮਣ ਤੋਂ ਉਪਰ ਦੁਧ ਦੇਂਦੀਆਂ ਨੇ, ਅੱਧੇ ਘੰਟੇ ਵਿਚ ਹੀ ਸਾਰਾ ਦੁਧ ਵਿਕ ਜਾਂਦਾ ਹੈ । ਵਾਹ ਵਾਹ !

[ਸੱਜੇ ਪਾਸਿਓਂ ਦੋ ਆਦਮੀ ਤੇ ਇਕ ਤੀਵੀਂ ਦੁਧ ਲੈਣ ਲਈ ਆਉਂਦੇ ਹਨ ।

ਆਦਮੀ–ਮੈਨੂੰ ਸੇਰ ਦੁਧ ਦਿਓ ।

ਕਵੀ–ਲਓ ਜੀ ।

ਆਦਮੀ–(ਗੜਵੀ ਵਿਚ ਪੁਆਉਂਦੇ ਹੋਏ) ਇਹ ਦੁਧ ਤਾਂ ਨਿਰਾ ਪਾਣੀ ਹੈ, ਕੱਚੀ ਲੱਸੀ ਦਾ ਧੋ । ਉਫ਼, ਕਲਜੁਗ ਆ ਗਿਆ ਹੈ ! ਕੋਈ ਸੱਚ ਜਾਂ ਧਰਮ ਤਾਂ ਰਿਹਾ ਈ ਨਹੀਂ ।

ਕਵੀ–ਇਹ ਖਾਲਸ ਦੁਧ ਏ, ਤੁਸੀਂ ਪੀ ਕੇ ਤਾਂ ਵੇਖੋ ।

ਆਦਮੀ–ਪੀ ਕੇ ਵੇਖਿਆ ਏ । ਤੁਸੀਂ ਡੰਗਰਾਂ ਨੂੰ ਨਿਰਾ ਘਾਹ ਹੀ ਖੁਆਉਂਦੇ ਹੋ, ਖਲ ਜਾਂ ਵੜੇਵੇਂ ਨਹੀਂ ਚਾਰਦੇ, ਹੈ ਨਾ ? ਤਦੇ ਦੁਧ ਨੀਲੀ ਲੱਸੀ ਏ । ਅਸੀਂ ਤਾਂ ਦੁਧ ਦੇ ਪੈਸੇ ਨਹੀਂ ਦੇਣੇ ।

ਤੀਵੀਂ–ਕਲ੍ਹ ਤੁਹਾਡਾ ਦੁਧ ਫਿਟ ਗਿਆ ਸੀ । ਤੁਸੀਂ ਜ਼ਰੂਰ ਕੱਸ ਲਗੇ ਭਾਂਡੇ ਵਿਚ ਚੋਇਆ ਹੋਣਾ ਏਂ ।

ਕਵੀ–ਨਹੀਂ, ਮੈਂ ਆਪਣੇ ਸਾਹਮਣੇ ਚੁਆਇਆ ਸੀ ।

ਤੀਵੀਂ–ਇੰਜ ਜਾਪਦੇ ਹੋ ਜਿਵੇਂ ਤੁਸੀਂ ਨਵੇਂ ਨਵੇਂ ਦੁਧ ਵੇਚਣ ਲਗੇ ਹੋ । ਸ਼ਾਇਦ ਪਹਿਲਾਂ ਕਦੀ ਡੰਗਰ ਨਹੀਂ ਸਾਂਭੇ । ਭਰਾਵਾ ਤੇਰੇ ਦੁਧ ਵਿਚ ਤਾਂ ਬੋਹਲੀ ਵਾਂਗ ਕੁਝ ਮਿਲਿਆ ਹੋਇਆ ਸੀ । ਮੈਂ ਆਪਣੇ ਨਿਕੇ ਬਾਲ ਨੂੰ ਪਲ਼ਾਇਆ, ਉਹ ਸਾਰਾ ਦਿਨ ਉਲਟੀਆਂ ਕਰਦਾ

ਰਿਹਾ। ਮੈਂ ਤਾਂ ਇਸ ਮਹੀਨੇ ਦੇ ਪੈਸੇ ਨਹੀਂ ਦੇਣੇ।

ਕਵੀ—ਇਸ ਵਿਚ ਮੇਰਾ ਕੀ ਕਸੂਰ ?

ਤੀਵੀਂ—ਹੋਰ ਕਿਸ ਦਾ ਕਸੂਰ ? ਇਕ ਤਾਂ ਮੇਰਾ ਬਾਲ ਬੀਮਾਰ ਕਰ ਦਿਤਾ, ਉਤੋਂ ਆਖਦਾ ਏ ਮੇਰਾ ਕੀ ਕਸੂਰ। ਜਿਤਨੇ ਦਾ ਦੁਧ ਪੀਤਾ ਹੈ ਉਸ ਤੋਂ ਦੁਗਣੇ ਪੈਸੇ ਸਾਨੂੰ ਡਾਕਟਰ ਦੀਆਂ ਫ਼ੀਸਾਂ ਦੇ ਭਰਨੇ ਪੈਣਗੇ। ਅਸੀਂ ਸੁਖ ਨਾਲ ਬਾਲ ਬਚਿਆਂ ਵਾਲੇ ਹਾਂ, ਕੋਈ ਛੜੇ ਛਾਂਟ ਨਹੀਂ ਜੋ ਬੌਹਲੀ ਵਾਲਾ ਦੁਧ ਪੀਵੀ ਜਾਈਏ। ਜੇ ਤੇਰੀ ਮੱਝ ਸੱਜਰ ਸੂਈ ਸੀ ਤਾਂ ਚਾਰ ਛੀ ਦਿਨ ਸਬਰ ਕਰਨਾ ਸੀ। ਮੈਂ ਇਸ ਦੁਧ ਦੇ ਰੁਪੈ ਉੱਕਾ ਨਹੀਂ ਦੇਣੇ।

[ਗਾਹਕ ਚਲੇ ਜਾਂਦੇ ਹਨ।

ਕਵੀ—(ਹਾਕ ਮਾਰ ਕੇ) ਉਏ ਰਾਮਿਆਂ !

[ਰਾਮਾ ਆਉਂਦਾ ਹੈ।

ਰਾਮਾ—ਕੀ ਏ ਜੀ ?

ਕਵੀ—ਨਵੀਂ ਸੂਈ ਮਝ ਦਾ ਦੁਧ ਕਿਹੋ ਜਿਹਾ ਹੈ ?

ਰਾਮਾ—ਬੂਰੀ ਮਝ ਦਾ ?

ਕਵੀ—ਹਾਂ।

ਰਾਮਾ—ਰਤਾ ਨਰਮ ਈ ਏ। ਜਦ ਜੇਰ ਪਈ ਸੀ ਤਾਂ ਠੀਕ ਟਹਿਲ ਸੇਵਾ ਨਹੀਂ ਸੀ ਹੋਈ। ਕਈ ਦਿਨ ਬੌਹਲੀ ਸੰਘਣੀ ਆਉਂਦੀ ਰਹੀ। ਕੱਟਾ ਵੀ ਠੀਕ ਤਰ੍ਹਾਂ ਨਹੀਂ ਸੀ ਚੁੰਘਦਾ, ਦੋ ਤਿੰਨ ਦਿਨ ਉਹ ਢੁਡਾਂ ਮਾਰ ਕੇ ਪਸਮਾ ਵੀ ਨਹੀਂ ਸੀ ਸਕਿਆ, ਮਸਾਂ ਥਨਾਂ ਤੀਕ ਮੂੰਹ ਲਿਜਾਂਦਾ ਸੀ। ਸੁਖ ਨਾਲ ਤਿੰਨ ਟੰਗਾ ਏ, ਉਸ ਤੋਂ ਖਲੋ ਵੀ ਮਸਾਂ ਹੀ ਹੁੰਦਾ ਏ। ਮੱਝ ਦਾ ਲੇਵਾ ਬੜਾ ਤਕੜਾ ਸੀ, ਚੜ੍ਹ ਗਈ।

ਕਵੀ—ਫਿਰ ?

ਰਾਮਾ–ਹੁਣ ਵੀ ਰਤਾ ਬੀਮਾਰ ਏ! ਕੱਟੇ ਨੂੰ ਕਲ੍ਹ ਦੀ ਮੋਕ ਲੱਗੀ ਹੋਈ ਏ ਤੇ ਮਝ ਦੁਧ ਤੋਂ ਨਸੀ ਫਿਰਦੀ ਏ। ਅਜ ਤੜਕੇ ਚੋਇਆ ਸੀ, ਮਸਾਂ ਕੁਝ ਧਾਰਾਂ ਦਿਤੀਆਂ। ਇਸ ਮੱਝ ਨੂੰ ਤਾਂ ਜੇ ਨਾ ਚੋਈਏ, ਤਾਂ ਹੀ ਚੰਗਾ।

ਕਵੀ–ਤਦੇ ਲੋਕ ਸ਼ਕਾਇਤਾਂ ਕਰਦੇ ਹਨ।

ਰਾਮਾਂ–ਤੇ ਦੂਜੀ ਕੌੜ-ਮੇਂਹ ਦਾ ਦੁਧ ਬੜਾ ਪਤਲਾ ਏ, ਨਿਰਾ ਪਾਣੀ। ਉਸ ਨੂੰ ਵੰਡ ਵੜੇਵਾਂ ਬਹੁਤਾ ਚਾਹੀਦਾ ਏ।

ਕਵੀ–ਤੂੰ ਡੰਗਰਾਂ ਦਾ ਰਤਾ ਖ਼ਿਆਲ ਰੱਖਿਆ ਕਰ।

ਰਾਮਾਂ–ਜੀ ਰਾਤ ਨੂੰ ਮੈਂ ਵੀ ਉਸੇ ਵਾੜੇ ਵਿਚ ਸੌਂਦਾ ਹਾਂ ਜਿੱਥੇ ਪਸ਼ੂ ਬੰਨ੍ਹੇ ਹੁੰਦੇ ਹਨ।

[ਰੌਸ਼ਨੀ ਬੁਝ ਜਾਂਦੀ ਏ। ਕੁਝ ਚਿਰ ਪਿਛੋਂ ਫਿਰ ਚਾਨਣ ਹੋ ਜਾਂਦਾ ਹੈ।

ਕਵੀ–ਓਏ ਰਾਮਿਆਂ ਤੂੰ ਮੱਝਾਂ ਦਾ ਖ਼ਿਆਲ ਨਹੀਂ ਸੀ ਰੱਖਿਆ?

ਰਾਮਾ–ਜੀ ਬੜਾ ਖ਼ਿਆਲ ਰੱਖਦਾ ਹਾਂ, ਪਰ ਕੀ ਕਰਦਾ? ਓਸੇ ਵੇਹੜੇ ਵਿਚ ਸੌਨਾ ਵਾਂ ਫਿਰ ਵੀ ਦੋ ਮੱਝਾਂ ਚੋਰੀ ਹੋ ਗਈਆਂ।

ਕਵੀ–ਖ਼ਿਆਲ ਕੀ ਸਵਾਹ ਰੱਖਿਆ ਸੀ ਤੂੰ?

ਰਾਮਾ–ਜੀ ਛੇਕੜ ਮੈਂ ਵੀ ਬੰਦਾ ਆਂ। ਅੱਖ ਲੱਗ ਗਈ, ਕੋਈ ਦੋ ਮੱਝਾਂ ਖੋਲ੍ਹ ਕੇ ਲੈ ਗਿਆ।

ਕਵੀ–ਦੋ ਮੱਝਾਂ ਚੋਰੀ ਹੋ ਗਈਆਂ। ਇਕ ਮਰ ਗਈ। ਇਕ ਦੁੱਧ ਤੋਂ ਨੱਸ ਗਈ। ਬਿਉਪਾਰ ਕਾਹਦਾ ਕਰਾਂਗਾ ਹੁਣ?

ਰਾਮਾ–ਜੀ ਛੇਕੜ ਜਾਨਵਰ ਏ, ਕੋਈ ਮਸ਼ੀਨ ਤਾਂ ਨਹੀਂ। ਤੇ ਅਜ ਕਲ੍ਹ ਤਾਂ ਬੜੀਆਂ ਵੱਡੀਆਂ ਵੱਡੀਆਂ ਮਸ਼ੀਨਾਂ ਵੀ ਫੇਲ੍ਹ ਹੋ ਜਾਂਦੀਆਂ ਨੇ।

ਕਵੀ–ਮੈਨੂੰ ਵੀ ਕੀ ਡੰਗਰਾਂ ਨਾਲ ਵਾਹ ਪੈ ਗਿਆ! ਮੱਝਾਂ ਨਾਲ, ਕੱਟਿਆਂ

ਨਾਲ, ਖਲ ਤੇ ਵੜੇਵਿਆਂ ਨਾਲ। ਕਦੀ ਦਾਣਾ ਮੁਕਿਆ ਹੋਇਆ ਏ, ਕਦੀ ਮਝ ਨੂੰ ਸਰਦੀ ਲੱਗ ਗਈ, ਕਦੀ ਮੋਕ ਲੱਗ ਗਈ, ਕਦੀ ਸੋਕਾ ਪੈ ਗਿਆ। ਸੰਝ ਸਵੇਰ,ਡੰਗਰਾਂ ਵਿਚ ਰਹਿ ਕੇ ਮੇਰੀ ਬੁਧੀ ਵੀ ਡੰਗਰਾਂ ਵਰਗੀ ਹੋ ਗਈ ਏ। ਮੱਝ ਟਹਿਲ ਸੇਵਾ ਮੰਗਦੀ ਏ ਅੰਤਾਂ ਦੀ। ਤੇ ਫਿਰ ਇਸ ਦਾ ਵਸਾਹ ਕੋਈ ਨਹੀਂ। ਮਰਜ਼ੀ ਆਏ ਦੁਧ ਦੇਵੇ, ਮਰਜ਼ੀ ਆਏ ਨਾ ਦੇਵੇ। ਉਹ ਗੁੱਜਰ ਹੀ ਸਨ ਜੋ ਮਾਰ ਕੁਟ ਕੇ ਵੀ ਮੱਝ ਚੋ ਲੈਂਦੇ ਸਨ। ਡੰਗਰਾਂ ਤੋਂ ਕੰਮ ਲੈਣ ਲਈ ਆਦਮੀ ਨੂੰ ਵੀ ਡੰਗਰ ਬਣਨਾ ਪੈਂਦਾ ਹੈ। ਹੁਣ ਮੈਂ ਇਸ ਇਕ ਮਝ ਦਾ ਕੀ ਕਰਾਂ ? ਓਏ ਰਾਮਿਆਂ !

ਰਾਮਾ—ਜੀ।

ਕਵੀ—ਇਸ ਮੱਝ ਨੂੰ ਵੇਚ ਛੱਡ।

ਰਾਮਾ—ਜੀ ਵੇਚਾਂਗੇ ਤਾਂ ਕਿਸੇ ਛੀ ਵੀਹਾਂ ਵੀ ਨਹੀਂ ਦੇਣੇ। ਚੌਥੇ ਸੂਏ ਹੈ। ਸਤ ਮਹੀਨੇ ਦੁਧ ਦੇਂਦੀ ਰਹੀ ਹੈ। ਹੁਣ ਦੁਧ ਤੋਂ ਨੱਸਣ ਨੂੰ ਫਿਰਦੀ ਹੈ। ਟਹਿਲ ਸੇਵਾ ਮੰਗਦੀ ਹੈ। ਛੀ ਮਹੀਨੇ ਵਿਹਲੀ ਬੈਠ ਕੇ ਕੱਖ ਖਾਵੇਗੀ ਤਦ ਜਾਕੇ ਸੂਏਗੀ ਕਿਤੇ। ਮੇਰੀ ਗੱਲ ਮੰਨੋ।

ਕਵੀ—ਕੀ ?

ਰਾਮਾਂ—ਘਰ ਲਈ ਰਖ ਲਓ। ਸੁਖ ਨਾਲ ਨਿਆਣਿਆਂ ਵਾਲਾ ਘਰ ਏ, ਸੰਝ ਸਵੇਰੇ ਮਥਾ ਮਾਰ ਕੇ ਦੋ ਤਿੰਨ ਸੇਰ ਦੁਧ ਚੋ ਈ ਲਿਆ ਕਰਾਂਗਾ। ਸੋਈ ਨਿੱਕੇ ਨਿਆਣਿਆਂ ਨੂੰ ਮੁਕਦਾ ਨਹੀਂ। ਮੁਲ ਦਾ ਦੁਧ ਵੀ ਛੇਕੜ ਪੀਓਗੇ। ਨਿੱਕੀ ਗਿਆਰਾਂ ਵਰ੍ਹਿਆਂ ਦੀ ਏ, ਸਕੂਲ ਛੇਵੀਂ ਵਿਚ ਪੜ੍ਹਦੀ ਏ, ਕਿਤਾਬਾਂ ਨਾਲ ਦਿਮਾਗ ਮਾਰਦੀ ਏ। ਉਸ ਨੂੰ ਕੀ ਦੁਦ ਨਹੀਂ ਚਾਹੀਦਾ ? ਫਿਰ ਨਿੱਕਾ ਭੋਲੂ ਏ, ਉਸ ਤੋਂ ਵਡਾ ਕਾਕਾ ਏ ਤੇ ਫਿਰ ਤੁਸੀਂ ਓ, ਸਭਨਾਂ ਨੂੰ ਦੁਧ ਦੀ ਲੋੜ ਏ। ਬਜ਼ਾਰ

ਦਾ ਦੁਧ ਤਾਂ ਕਿਸੇ ਨੂੰ ਨਹੀਂ ਪਚਣਾ, ਹੈਜ਼ੇ ਦਾ ਘਰ।

ਕਵੀ–ਫਿਰ ?

ਰਾਮਾ–ਇਸ ਨੂੰ ਘਰ ਰੱਖ ਲਓ।

[ਰਾਮਾ ਚਲਾ ਜਾਂਦਾ ਹੈ।

ਕਵੀ–ਅੱਛਾ।

ਕਵੀ–ਮੈਂ ਵਪਾਰ ਕਰਨ ਲਗੇ ਸਿਰਫ ਨਫਾ ਸੋਚਿਆ, ਨੁਕਸਾਨ ਵਲ ਧਿਆਨ ਨਾ ਦਿਤਾ। ਵਪਾਰ ਵਿਚ ਦੋਵੇਂ ਗੱਲਾਂ ਸੋਚਣੀਆਂ ਚਾਹੀਦੀਆਂ ਹਨ। ਸਗੋਂ ਵਪਾਰੀ ਨੁਕਸਾਨ ਪਹਿਲਾਂ ਸੋਚਦੇ ਹਨ ਤੇ ਨਫਾ ਪਿਛੋਂ। ਮੈਨੂੰ ਕਿਸੇ ਅਜੇਹੀ ਚੀਜ਼ ਦਾ............ ਕਿਸੇ ਅਜੇਹੀ ਚੀਜ਼ ਦਾ.........ਸਮਝ ਨਹੀਂ ਆਉਂਦੀ ਕੀ ਕਰਾਂ ?......ਹੋਟਲ ਖੋਲ੍ਹ ਲਵਾਂ ?......ਹੋਟਲ ਵਿਚ ਦੂਣੇ ਦੂਣ ਏ......ਅਜ ਕਲ ਲੋਕ ਚਾਹ ਤੇ ਕਾਫ਼ੀ ਦੇ ਬੜੇ ਸ਼ੌਕੀਨ ਹੋ ਗਏ ਹਨ। ਲਾਹੌਰ ਪਿਛੋਂ ਹੁਣ ਸਾਰੀ ਲੁਕਾਈ ਅੰਮ੍ਰਿਤਸਰ ਉਲਰ ਆਈ ਏ। ਇਥੋਂ ਦੇ ਲਾਲੇ ਵੀ ਕਾਫ਼ੀ ਤੇ ਚਾਹ ਪੀਣ ਲਗ ਪਏ ਹਨ। ਕਿਉਂ ਨਾ ਕਾਫ਼ੀ-ਹਾਊਸ ਖੋਲ੍ਹ ਲਵਾਂ। ਵਾਹ ਕਿਤਨਾ ਸੋਹਣਾ ਖ਼ਿਆਲ ਏ...ਕਾਫ਼ੀ ਹਾਊਸ...ਕਾਫ਼ੀ ਹਾਊਸ......ਪਰ ਇਸ ਲਈ ਲਾਗਤ ਚਾਹੀਦੀ ਏ। ਬੈਰਿਆਂ ਨੂੰ ਕਾਬੂ ਵਿਚ ਰਖਣ ਦੀ ਵੀ ਲੋੜ ਏ। ਇਹ ਹੋਟਲ ਦੇ ਬੈਰੇ ਵੀ ਨਿਰੇ ਸ਼ੈਤਾਨ ਦੇ ਮਾਮੇ ਹੁੰਦੇ ਹਨ, ਇਕ ਕੰਨੋ ਨਿਰੇ ਬਹਿਰੇ। ਸ਼ੈਤ ਏਸੇ ਲਈ ਇਨ੍ਹਾਂ ਨੂੰ ਲੋਕ ਬੈਰੇ ਸੱਦਦੇ ਹਨ। ਕਾਣੇ ਦੀ ਇਕ ਰੱਗ ਵਧ ਹੁੰਦੀ ਏ, ਇਨ੍ਹਾਂ ਬੈਰਿਆਂ ਦੀਆਂ ਦੋ ਰੱਗਾਂ ਵਧ ਹੁੰਦੀਆਂ ਹਨ। ਰਤਾ ਝਿੜਕੋ ਝਟ ਚਾਰ ਪਲੇਟਾਂ ਭੰਨ ਦੇਣਗੇ। ਵਰਦੀ ਪਾੜ ਸੁਟਣਗੇ, ਨੌਕਰੀ ਛੱਡਣ ਦੀ ਧਮਕੀ ਦੇਣਗੇ। ਖਾਨਸਾਮਾਂ ਇਨ੍ਹਾਂ ਬੈਰਿਆਂ ਦਾ ਵੀ ਪਿਉ ਹੁੰਦਾ ਏ, ਹਰ ਵੇਲੇ ਤੁਹਾਡੀ ਜਾਨ ਉਸ ਦੀ ਮੁਠੀ ਵਿਚ! ਸਬਜ਼ੀ

ਸਾੜ ਦੇਵੇ, ਫੁਲਕੇ ਕੱਚੇ ਪਕਾਵੇ, ਘਿਉ ਵਧ ਖ਼ਰਚ ਕਰ ਦੇਵੇ, ਕੋਲੇ ਬਹੁਤੇ ਬਾਲ ਸੁਟੇ, ਗਾਹਕਾਂ ਨੂੰ ਖਾਣਾ ਠੰਢਾ ਦੇਵੇ......ਉਹ ਕੁਝ ਵੀ ਕਰ ਦੇਵੇ, ਤੁਸੀਂ ਸਦਾ ਉਸ ਤੋਂ ਦਬਦੇ ਰਹੋਗੇ !......ਹੋਟਲ...... ਹੋਟਲ ਫ਼ਜ਼ੂਲ ਏ, ਹੋਟਲ ਤਾਂ ਉਸ ਆਦਮੀ ਦਾ ਕੰਮ ਏ ਜੋ ਇਨ੍ਹਾਂ ਬੈਰਿਆਂ ਤੇ ਖਾਨਸਾਮਿਆਂ ਦਾ ਪਿਉ ਹੋਵੇ, ਉਨ੍ਹਾਂ ਤੋਂ ਵਧ ਚਲਾਕ ਤੇ ਵਧੇਰੇ ਲੁੱਚਾ। ਮੈਂ ਕੀ ਕਰਾਂ ?...ਮੈਂ ਕੀ ਕਰਾਂ ?... ਕਿਉਂ ਨਾ ਬੂਟਾਂ ਦੀ ਹੱਟੀ ਪਾ ਲਵਾਂ, ਕਿਸੇ ਬੂਟ ਕੰਪਨੀ ਦੀ ਏਜੰਸੀ ਲੈ ਲਵਾਂ, ਗਾਹਕ ਆਏ, ਬੂਟ ਵਖਾਏ। ਇਕ ਦਿਨ ਵਿਚ ਜੇ ਚਾਰ ਬੂਟ ਵੀ ਵਿਕ ਜਾਣ ਤਾਂ ਪੰਦਰਾਂ ਰੁਪਏ ਖਰੇ ਹਨ। ਮੁਕਦੇ ਨਹੀਂ। ਨਾ ਬਹੁਤੀ ਖਚ ਖਚ, ਨਾ ਬਹੁਤੀ ਲਾਗਤ, ਮੈਂ ਹੈਰਾਨ ਹਾਂ ਇਸ ਤੋਂ ਪਹਿਲਾਂ ਮੈਨੂੰ ਇਹ ਨੁਕਤਾ ਕਿਉਂ ਨਾ ਸੁੱਝਾ ! ਬੂਟ......ਗਾਹਕਾਂ ਦੇ ਪੈਰੀਂ ਬੂਟ ਪਾਵਾਂਗਾ......ਲੋਕਾਂ ਦੀਆਂ ਜੁਤੀਆਂ ਝਾੜਾਂਗਾ...... ਕੁੜੀਆਂ ਲਈ ਨਵੀਂ ਫ਼ੈਸ਼ਨ ਦੀ ਗੁਰਗਾਬੀ ਤੇ ਸਲੀਪਰ ਦੀ ਪਰਖ ਕਰਾਂਗਾ...ਪਰ ਹਰ ਗਾਹਕ ਦੀਆਂ ਨਘੋਰਾਂ ਕੌਣ ਝਲੇਗਾ ? ਉਹ ਆਖਣਗੇ ਇਹ ਬੂਟ ਫਿਟ ਨਹੀਂ, ਉਸ ਦੇ ਬੂਟ ਦਾ ਚਮੜਾ ਖ਼ਰਾਬ ਏ, ਇਹ ਗੁਰਗਾਬੀ ਪੁਰਾਣੇ ਫੈਸ਼ਨ ਦੀ ਏ, ਇਸ ਦੀ ਅੱਡੀ ਨੀਵੀਂ ਏ, ਇਹ ਸੈਂਡਲ ਗਰਮੀ ਦੀ ਏ, ਇਹ ਸਰਦੀ ਦੀ ਏ...... ਗਾਹਕਾਂ ਨੇ ਮੈਨੂੰ ਪਾਗਲ ਕਰ ਦੇਣਾ ਏ......ਹਰ ਗੱਲ ਵਿਚ ਉਨ੍ਹਾਂ ਦੀ ਪਸੰਦ ਪਰਧਾਨ ਹੋਵੇਗੀ। ਪੰਜੀ ਕਿਸਮ ਦੇ ਬੂਟ ਗੁਰਗਾਬੀ ਵਖਾਵਾਂਗਾ...ਤਦ ਜਾ ਕੇ ਸੌ ਨੁਕਸ ਪਿਛੋਂ ਕੋਈ ਗਾਹਕ ਇਕ ਜੁੱਤੀ ਮੁਲ ਲਵੇਗਾ...ਤੇ ਇਹਨਾਂ ਬੂਟਾਂ ਜੁੱਤੀਆਂ ਦੇ ਫੈਸ਼ਨ ਨਿਤ ਬਦਲਦੇ ਹਨ। ਪੁਰਾਣੀ ਜੁੱਤੀ ਨੂੰ ਕੋਈ ਮੁਫਤ ਵੀ ਨਹੀਂ ਖੜਦਾ। ਇਸ ਵਿਚ ਪਤਾ ਨਹੀਂ ਕਿਤਨਾ ਘਾਟਾ ਹੋਵੇ। ਮੈਂ ਬਹੁਤ ਵਪਾਰ ਕੀਤੇ, ਘਾਟਾ

ਪਾਇਆ......ਜੀਵਨ ਦੇ ਵਪਾਰ ਵਿਚ ਵੀ ਸਭ ਤੋਂ ਵਡਾ ਘਾਟਾ ਪਾਇਆ......ਉਸ ਘਾਟੇ ਨੂੰ ਮੈਂ ਝੱਲ ਲਿਆ......ਉਸ ਘਾਟੇ ਨੇ ਮੈਨੂੰ ਜਹਾਨ ਦੇ ਗ਼ਮ ਨਾਲ ਆਸ਼ਨਾ ਕਰਾ ਦਿਤਾ......ਉਸ ਘਾਟੇ ਨੇ ਮੈਨੂੰ ਗ਼ਰੀਬ ਤੇ ਕਾਮੇ ਦੀ ਥੁੜ ਦਾ ਜਾਣੂ ਕਰਾ ਦਿਤਾ......ਸੰਝ ਸਵੇਰੇ ਮੈਂ ਇਸ ਘਾਟ ਵਿਚ ਡੁਬਿਆ ਰਿਹਾ ਹਾਂ......ਉਹ ਘਾਟ ਇਕ ਤਰਾਟ ਭਰੀ ਯਾਦ ਬਣ ਕੇ ਮੇਰੇ ਦਿਲ ਵਿਚ ਖੁਭੀ ਰਹੀ ਏ...... ਅਜ ਫੇਰ ਮੈਨੂੰ ਥੁੜ ਕਿਥੋਂ ਯਾਦ ਆ ਗਈ......ਜ਼ਿੰਦਗੀ ਦੀ ਥੁੜ... ਜੀਵਨ ਦੀ ਘਾਟ ਮੈਨੂੰ ਅਜ ਕਿਉਂ ਕੋਈ ਯਾਦ ਆ ਗਿਆ...... ਕੋਈ......ਸੱਜਣ ਮੈਨੂੰ ਅੱਜ ਫਿਰ ਕਿਉਂ ਯਾਦ ਆ ਗਿਆ......

[ਵਾਇਲਨ ਦੇ ਸੁਰ ਡੂੰਘੇ ਹੋ ਜਾਂਦੇ ਹਨ ।

ਨਹੀਂ ਨਹੀਂ ਮੈਂ ਵਪਾਰ ਕਰਾਂਗਾ...ਰੁਪਿਆ ਕਮਾਵਾਂਗਾ...ਪਰ...ਇਸ ਦ੍ਰਿੜ੍ਹ ਨਿਸਚੇ ਦੇ ਪੱਥਰ ਅੰਦਰੋਂ ਇਹ ਕਿਸੇ ਸੱਜਨ ਦੀ ਯਾਦ ਕਿਵੇਂ ਨਿਕੀ ਜਿਹੀ ਕਰੂੰਬਲ ਵਾਂਗ ਫੁਟ ਆਈ ਏ...ਮੈਨੂੰ ਅਜ ਕੌਣ ਯਾਦ ਆਇਆ...ਸੰਝ ਸਵੇਰ...ਸੰਝ ਸਵੇਰ ਮੈਂ ਕੰਮ ਵਿਚ ਡੁਬਿਆ ਰਹਿੰਦਾ ਹਾਂ...ਦਿਨ ਰਾਤ ਖੂਹ ਦੀਆਂ ਟਿੰਡਾਂ ਵਾਂਗ ਸਮੇਂ ਦੇ ਸਾਗਰ ਚੋਂ ਹਰ ਵੇਲੇ ਰੋਸ਼ਨੀ ਤੇ ਹਨੇਰਾ ਇਕੱਠਾ ਕਰਦੇ ਰਹਿੰਦੇ ਹਨ...ਮੈਨੂੰ ਕਦੀ ਕੋਈ ਗੱਲ ਚੇਤੇ ਨਹੀਂ ਆਈ...ਪੁਰਾਣੀਆਂ ਯਾਦਾਂ ਮੈਂ ਹਿੱਕ ਹੇਠ ਦੱਬ ਛਡੀਆਂ ਸਨ...ਪਰ...ਅਜ ਯਾਦ ਆਇਆ...ਯਾਦ ਆਇਆ ।

[ਉਹ ਗੁਣਗੁਣਾਉਣ ਲਗ ਪੈਂਦਾ ਹੈ ਤੇ ਕਵਿਤਾ ਲਿਖਣੀ ਸ਼ੁਰੂ ਕਰ ਦੇਂਦਾ ਹੈ ।

ਅਜ ਯਾਦ ਆਇਆ ਸਾਨੂੰ ਫੇਰ ਸੱਜਣ
ਜੇਹੜੇ ਮਗਰ ਉਲਾਂਭੜਾ ਜੱਗ ਦਾ ਏ......
ਅਜ ਯਾਦ ਆਇਆ ਸਾਨੂੰ ਫੇਰ ਸੱਜਣ,
ਜੀਹਦੇ ਮਗਰ ਉਲਾਂਭੜਾ ਜੱਗ ਦਾ ਏ......

(ਪਰਦਾ ਡਿਗਦਾ ਹੈ)